2026 23442
02/02/2026

ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ
(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ ਮਿਤੀ- 02-02-2026

ਇਸ ਦਫ਼ਤਰ ਵੱਲੋਂ ਮਾਸਟਰ ਕਾਡਰ ਵਿੱਚ ਪਦ-ਉੱਨਤ ਕਰਮਚਾਰੀਆਂ ਦੀ ਸਟੇਸ਼ਨ ਚੋਣ ਮੁਲਤਵੀ ਕਰਨ ਸਬੰਧੀ ਜਾਰੀ ਨੋਟਿਸ ਮਿਤੀ 28.01.2026 ਦੀ ਲਗਾਤਾਰਤਾ ਵਿੱਚ-

1. ਉਕਤ ਨੋਟਿਸ ਰਾਹੀਂ ਜਿੰਨਾਂ ਯੋਗ ਕਰਮਚਾਰੀਆਂ ਦੇ ਕੇਸ ਭੇਜਣ ਤੋਂ ਰਹਿ ਗਏ ਸਨ, ਉਨ੍ਹਾਂ ਦੇ ਕੇਸ ਭੇਜਣ ਸਬੰਧੀ ਦੱਸਿਆ ਜਾਂਦਾ ਹੈ ਕਿ ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਅਤੇ ਐਲੀਮੈਂਟਰੀ) ਆਪਣੇ ਅਧੀਨ ਪੈਂਦੇ ਸਕੂਲਾਂ / ਸੰਸਥਾਵਾਂ ਤੋਂ ਕਰਮਚਾਰੀਆਂ ਦੇ ਕੇਸ ਪ੍ਰਾਪਤ ਕਰਨਗੇ ਅਤੇ ਕਿਸੇ ਵੀ ਕਰਮਚਾਰੀ ਨੂੰ ਸਿੱਧਾ ਮੁੱਖ ਦਫ਼ਤਰ ਵਿਖੇ ਕੇਸ ਪੇਸ਼ ਕਰਨ ਲਈ ਨਹੀਂ ਭੇਜਣਗੇ।
2. ਕੇਸ ਨੂੰ ਹਰੇਕ ਪੱਖ ਤੋਂ ਯੋਗ ਪਾਏ ਜਾਣ ਦੀ ਸੂਰਤ ਵਿੱਚ ਪਹਿਲਾਂ ਗੂਗਲ ਫਾਰਮ ਰਾਹੀਂ ਭੇਜੇ ਗਏ ਕੇਸਾਂ ਦੀ ਐਕਸ਼ਲ ਸ਼ੀਟ (ਸਬੰਧਤ ਫੀਡਰ ਕਾਡਰ ਦੀ ਸ਼ੀਟ) ਦੇ ਕਾਲਮ ਭਰਨਗੇ ਅਤੇ ਮਿਤੀ 13.02.2026 ਤੱਕ ਮੇਲ ਰਾਹੀਂ dsese.promotion@punjabeducation.gov.in ਤੇ ਭੇਜਣਗੇ।
3. ਕੇਸ ਭੇਜਣ ਦੇ ਨਾਲ ਹਰੇਕ ਜਿਲਾ ਅਧਿਕਾਰੀ ਇਹ ਸਰਟੀਫਿਕੇਟ ਵੀ ਭੇਜੇਗਾ ਕਿ ਉਸ ਤੋਂ ਇਲਾਵਾ ਹੋਰ ਕਿਸੇ ਕਰਮਚਾਰੀ ਦਾ ਕੇਸ ਭੇਜਣ ਤੋਂ ਨਹੀਂ ਰਹਿ ਗਿਆ ਹੈ।
4. ਜਿੰਨਾਂ ਕਰਮਚਾਰੀਆਂ ਦੇ ਪਹਿਲਾਂ ਕੇਸ ਭੇਜੇ ਗਏ ਹਨ, ਉਨਾਂ ਦੇ ਕੇਸ ਮੁੜ ਭੇਜਣ ਦੀ ਲੋੜ ਨਹੀਂ ਹੈ।
5. ਪਦ-ਉੱਨਤੀਆਂ ਸਬੰਧੀ ਜਿੰਨਾਂ ਕਰਮਚਾਰੀਆਂ ਨੇ ਭਾਂਵੇ ਨਿੱਜੀ ਪੱਧਰ ਤੇ ਸਿੱਧੇ ਮੁੱਖ ਦਫ਼ਤਰ ਵਿਖੇ ਕੇਸ / ਇਤਰਾਜ ਪੇਸ਼ ਕੀਤੇ ਹਨ, ਉਨਾਂ ਦੇ ਇਤਰਾਜ ਅਤੇ ਜੇਕਰ ਹੋਰ ਵੀ ਕੋਈ ਕਰਮਚਾਰੀ ਇਤਰਾਜ ਪੇਸ਼ ਕਰਦਾ ਹੈ ਤਾਂ ਉਸਦਾ ਇਤਰਾਜ ਪੱਤਰ ਲੈ ਕੇ ਹੇਠਾਂ ਦਰਸਾਏ ਪ੍ਰੋਫਾਰਮੇ ਵਿੱਚ (ਸੰਕਲਿਤ ਸੂਚਨਾਂ ਐਕਸਲ ਸ਼ੀਟ ਤਿਆਰ ਕਰਕੇ) ਭੇਜੀ ਜਾਵੇ-

| Sr No. | Staff Id | Name of Emp. / Desi. / Place of Posting With Distt. | Subject of Promotion | Objection / details of Grievance | Mob No |
|---|---|---|---|---|---|
| | | | | | |

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ 02/02/26

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿੱਠ ਅੰਕਣ ਨੰ: ਅ-1/1( )2026/941 ਮਿਤੀ 03.02.2026

ਉਪਰੋਕਤ ਦਾ ਉਤਾਰਾ (ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ ਨਗਰ (ਪ੍ਰਮੋਸ਼ਨ ਸੈੱਲ) ਦਫਤਰੀ ਕਾਰਜ ਲਈ ਨੋਟਿਸ ਮਿਤੀ 02.02.2026) ਸਬੰਧਤ ਸਕੂਲ ਮੁੱਖੀਆਂ,ਜਿਲ੍ਹਾਂ ਬਠਿੰਡਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪਦੇ ਸਕੂਲ ਵਿੱਚ ਕੰਮ ਕਰਦੇ ਜਿੰਨਾ ਯੋਗ ਕਰਮਚਾਰੀਆਂ ਦੇ ਕੇਸ ਭੇਜਣ ਤੋਂ ਰਹਿ ਗਏ ਸਨ, ਉਹ ਕੇਸ ਨੂੰ ਹਰੇਕ ਪੱਖ ਤੋਂ ਯੋਗ ਪਾਏ ਜਾਣ ਦੀ ਸੂਰਤ ਵਿੱਚ ਨੱਥੀ ਐਕਸਲ ਸ਼ੀਟ ਦੇ ਕਾਲਮ ਭਰਕੇ E-Mail id davinderdeosebti@gmail.com ਤੇ ਭੇਜਣਗੇ ਅਤੇ ਮੰਕਮਲ ਕੇਸ ਦੇ ਪੜ੍ਹਤਾ ਵਿੱਚ ਇਸ ਦਫਤਰ ਵਿਖੇ ਮਿਤੀ 09.02.2026 ਤੱਕ ਜਮ੍ਹਾਂ ਕਰਵਾਉਣਗੇ।

ਨੋਟ:- Regd. OCT to Master Cadre

1. ਜਿਨਾ ਕਰਮਚਾਰੀਆਂ ਦੇ ਪਹਿਲਾ ਕੇਸ ਭੇਜੇ ਗਏ ਹਨ, ਉਹਨਾਂ ਦੇ ਕੇਸ ਮੁੜ ਭੇਜਮ ਦੀ ਲੋੜ ਨਹੀ ਹੈਂ।
2. ਉਕਤ ਦਫਤਰੀ ਕਾਰਜ ਨੋਟਿਸ ਵਿੱਚ ਦਰਜ਼ ਲੜੀ ਨੰ 5 ਨਾਲ ਸਬੰਧਤ ਕੇਸ ਐਕਸਲ ਸ਼ੀਟ ਦੇ ਕਾਲਮ ਭਰਕੇ E-Mail id davinderdeosebti@gmail.com ਤੇ ਭੇਜਣਗੇ।

3/2/26
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ

Scanned with OKEN Scanner